

# Murrumbek Casey Early Parenting Centre

Monash Health

## ਕਲਾਈਡ ਨੌਰਥ ਵਿੱਚ ਸਥਿਤ Murrumbek Casey Early Parenting Centre (ਮੁਰਰੂਮਬੇਕ ਕੇਸੀ ਅਰਲੀ ਪੇਰੈਂਟਿੰਗ ਸੈਂਟਰ) ਤਿੰਨ ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਵਾਲੇ ਪਰਿਵਾਰਾਂ ਲਈ ਇੱਕ ਮੁਫ਼ਤ ਸੇਵਾ ਹੈ ਤਾਂ ਜੋ ਉਹ ਆਪਣੇ ਸੰਬੰਧਾਂ ਨੂੰ ਵਧਾ ਸਕਣ ਅਤੇ ਆਪਣੇ ਪਾਲਣ-ਪੋਸ਼ਣ ਦੇ ਟੀਚਿਆਂ ਨੂੰ ਪ੍ਰਾਪਤ ਕਰ ਸਕਣ।

### ਕਿਹੜੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ?

ਤਜ਼ਰਬੇਕਾਰ ਨਰਸਾਂ ਅਤੇ ਮਿਡਵਾਈਫ਼ਾਂ, ਜੱਚਾ-ਬੱਚਾ ਨਰਸਾਂ, ਸੋਸ਼ਲ ਵਰਕਰਾਂ ਅਤੇ ਖੇਡ ਮਾਹਿਰਾਂ ਦੀ ਇੱਕ ਟੀਮ ਇਹਨਾਂ ਚੀਜ਼ਾਂ ਨਾਲ ਪਰਿਵਾਰਾਂ ਦੀ ਮੱਦਦ ਕਰੇਗੀ:

- ਸੌਣ ਅਤੇ ਸ਼ਾਂਤ ਕਰਨ
- ਭੋਜਨ ਸਹਾਇਤਾ
- ਬੱਚੇ ਅਤੇ ਮਾਤਾ-ਪਿਤਾ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ
- ਆਪਣੇ ਬੱਚੇ ਦੇ ਵਿਵਹਾਰ ਬਾਰੇ ਚਿੰਤਾ
- ਪਾਲਣ-ਪੋਸ਼ਣ ਦੇ ਹੁਨਰ ਨੂੰ ਮਜ਼ਬੂਤ ਕਰਨ।

ਮਕਸਦ-ਤਹਿਤ ਬਣਾਏ ਗਏ ਸੈਂਟਰ ਦੀਆਂ ਵਿਸ਼ੇਸ਼ਤਾਵਾਂ:

- ਦਿਨ ਦੌਰਾਨ ਰਹਿਣ ਦਾ ਪ੍ਰੋਗਰਾਮ
- ਚਾਰ-ਰਾਤਾਂ, ਰਿਹਾਇਸ਼ੀ ਪ੍ਰੋਗਰਾਮ
- ਸਾਂਝੀ ਰਸੋਈ ਅਤੇ ਖਾਣਾ ਖਾਣ ਦਾ ਸਥਾਨ
- ਅੰਦਰੂਨੀ ਅਤੇ ਬਾਹਰੀ ਖੇਡ ਖੇਤਰ
- ਸਮੂਹਿਕ ਅਧਿਆਪਨ ਕਮਰੇ।

### ਮੈਂ ਇਸ ਸੇਵਾ ਤੱਕ ਕਿਵੇਂ ਪਹੁੰਚ ਕਰ ਸਕਦਾ/ਦੀ ਹਾਂ?

ਇਹ ਸੇਵਾ Monash Health (ਮੋਨਾਸ਼ ਹੈਲਥ) ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ। ਪਰਿਵਾਰ ਆਪਣੇ ਆਪ ਆ ਸਕਦੇ ਹਨ, ਜਾਂ ਉਹਨਾਂ ਦੇ ਜੀਪੀ ਜਾਂ ਜੱਚਾ-ਬੱਚਾ ਨਰਸ (Maternal and Child Health Nurse) ਦੁਆਰਾ ਭੇਜੇ ਜਾ ਸਕਦੇ ਹਨ।

**ਰੈਫ਼ਰਲ ਫਾਰਮ ਤੱਕ ਔਨਲਾਈਨ ਪਹੁੰਚ ਕਰਨ ਲਈ ਇਸ QR ਕੋਡ ਨੂੰ ਸਕੈਨ ਕਰੋ।**

ਇਹ ਦਸਤਾਵੇਜ਼ ਸਿਰਫ਼ ਜਾਣਕਾਰੀ ਦੇ ਉਦੇਸ਼ ਲਈ ਤਿਆਰ ਕੀਤਾ ਗਿਆ ਹੈ ਅਤੇ ਤੁਹਾਡੀ ਹੈਲਥਕੇਅਰ ਟੀਮ ਨਾਲ ਤੁਹਾਡੀ ਕੀਤੀ ਗਈ ਚਰਚਾ ਜਾਂ ਸਲਾਹ ਨੂੰ ਨਹੀਂ ਬਦਲਦਾ ਹੈ।

114 Newgrange Boulevard
Clyde North

03 7511 2800
Monday to Friday
8:00am to 4:30pm

ਜਨਵਰੀ 2024 ਨੂੰ ਸਮੀਖਿਆ ਕੀਤੀ ਗਈ
ਖ਼ਪਤਕਾਰ ਸਮੀਖਿਆ